**Series : €ABA€** | **SET-4**

ਪ੍ਰਸ਼ਨ ਪੱਤਰ ਕੋਡ
**Q.P. Code** **4**

ਰੋਲ ਨੰਬਰ
**Roll No.** | | | | | | | | |

Candidates must write the Q.P. Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਦੇ ਛਪੇ ਹੋਏ 8 ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ 13 ਪ੍ਰਸ਼ਨ ਹਨ ।
- ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।

- Please check that this question paper contains **8** printed pages.
- Q.P. Code given on the right hand side of the question paper should be written on the title page of the answer-book by the candidate.
- Please check that this question paper contains **13** questions.
- **Please write down the Serial Number of the question before attempting it.**
- 15 minutes time has been allotted to read this question paper. The question paper will be distributed at 10.15 a.m. From 10.15 a.m. to 10.30 a.m., the candidates will read the question paper only and will not write any answer on the answer-book during this period.

*

# ਪੰਜਾਬੀ
# PUNJABI

## Term - II

*ਸਮਾਂ ਸੀਮਾ : 2 ਘੰਟੇ* | *ਪੂਰਨ ਅੰਕ : 40*

*Time allowed : **2** hours* | *Maximum Marks : **40***

ਆਮ ਨਿਰਦੇਸ਼ —

ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :

- ਇਸ ਪ੍ਰਸ਼ਨ - ਪੱਤਰ ਵਿੱਚ ਤਿੰਨ ਭਾਗ ਹਨ — ਪ੍ਰਭਾਵਸ਼ਾਲੀ ਲਿਖਣ-ਕੌਸ਼ਲ, ਅਡਵਾਂਸ ਪੜ੍ਹਨ-ਕੌਸ਼ਲ ਅਤੇ ਸਾਹਿਤ (ਪਾਠ-ਪੁਸਤਕ ਆਧਾਰਿਤ ਪ੍ਰਸ਼ਨ) ।
- ਭਾਗ ਪਹਿਲਾ - 'ਪ੍ਰਭਾਵਸ਼ਾਲੀ ਲਿਖਣ ਕੌਸ਼ਲ' ਵਿੱਚ ਦੋ (2) ਪ੍ਰਸ਼ਨ ਹਨ, ਜਿਨ੍ਹਾਂ ਨੂੰ ਉਹਨਾਂ ਹੇਠ ਦਿੱਤੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ ।
- ਭਾਗ ਦੂਜਾ - 'ਅਡਵਾਂਸ ਪੜ੍ਹਨ ਕੌਸ਼ਲ' ਵਿੱਚ ਇੱਕ (1) ਪ੍ਰਸ਼ਨ ਹੈ ਜਿਸਨੂੰ ਦਿੱਤੀ ਹਦਾਇਤ ਅਨੁਸਾਰ ਹੱਲ ਕੀਤਾ ਜਾਵੇ ।
- ਭਾਗ ਤੀਜਾ - 'ਸਾਹਿਤ' (ਪਾਠ-ਪੁਸਤਕ ਆਧਾਰਿਤ ਪ੍ਰਸ਼ਨ) ਦਾ ਹੈ ਜਿਸ ਵਿੱਚ ਕੁੱਲ ਦਸ (10) ਪ੍ਰਸ਼ਨ ਹਨ । ਪ੍ਰਸ਼ਨਾਂ ਵਿੱਚ ਦਿੱਤੀਆਂ ਹਦਾਇਤਾਂ ਅਨੁਸਾਰ ਪੰਜ (5) ਪ੍ਰਸ਼ਨ ਹੱਲ ਕੀਤੇ ਜਾਣ ।

*

**General Instructions :**

Read the following instructions carefully and follow :

- This question paper contains **three** sections – Writing skill, Advance reading skill and literature (textbook).
- Part – I (Writing Skill) contains **two (2)** questions. Attempt both questions based on instructions given in the question itself.
- Part – II (Advance reading skill) consist **one (1)** question. Attempt the question according to the instruction given in the question itself.
- Part – III (Text books based questions) contains **ten (10)** questions. Atempt **five (5)** questions as per the instructions given in the question itself.

**I. ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Writing Skill) :** **8 + 10 = 18**

(1) ਤੁਹਾਡੇ ਸਕੂਲ ਵਿੱਚ ਸਰਕਾਰ ਵਲੋਂ ਵਿਦਿਆਰਥੀਆਂ ਦੀ ਯੂਨੀਫ਼ਾਰਮ ਲਈ ਗ੍ਰਾਂਟ ਆਈ ਹੈ । ਵੇਰਵੇ ਦਸਦੇ ਹੋਏ ਕਿਸੇ ਫਰਮ ਕੋਲੋਂ ਕੁਟੇਸ਼ਨ ਦੀ ਮੰਗ ਕਰੋ । 8

**ਜਾਂ (OR)**

ਤੁਸੀਂ ਹੁਣੇ ਹੁਣੇ ਬਿਊਟੀ ਪਾਰਲਰ ਦਾ ਕੰਮ ਸਿੱਖਿਆ ਹੈ। ਆਪਣਾ ਕਾਰੋਬਾਰ ਚਲਾਉਣ ਲਈ ਇਲਾਕਾ ਨਿਵਾਸੀਆਂ ਨੂੰ ਸੇਵਾਵਾਂ ਦਾ ਲਾਭ ਉਠਾਉਣ ਲਈ ਖੁਲ੍ਹੀ ਚਿੱਠੀ ਰਾਹੀਂ ਅਪੀਲ ਕਰੋ।

(2) ਦਿੱਤੇ ਗਏ ਕਿਸੇ ਇੱਕ ਵਿਸ਼ੇ 'ਤੇ ਪੈਰਾ-ਰਚਨਾ ਕਰੋ। (125-150 ਸ਼ਬਦ) **10**

ਸਵੇਰੇ ਉਠੱਣ ਦੇ ਲਾਭ

**ਜਾਂ (OR)**

ਕਿੱਤੇ ਦੀ ਚੋਣ

**II. ਅਡਵਾਂਸ ਪੜ੍ਹਨ-ਕੌਸ਼ਲ (Advance Reading Skill) :** **7 + 1 = 8**

(3) ਹੇਠ ਦਿੱਤੇ ਗਏ ਕਿਸੇ ਇੱਕ ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਉਸਦਾ ਸਿਰਲੇਖ ਵੀ ਲਿਖੋ।

ਆਮ ਮੇਲ-ਜੋਲ, ਵਰਤੋਂ-ਵਿਹਾਰ ਤੇ ਸੁਸਾਇਟੀ ਵਿੱਚ ਲੋਕ ਨਾ ਵਿੱਦਿਆ ਪੁੱਛਦੇ ਹਨ ਨਾ ਗੁਣ ਸਗੋਂ ਉਹ ਤੁਹਾਡੀਆਂ ਸੁਲੱਖਣੀਆਂ ਵਾਦੀਆਂ ਦੀ ਪ੍ਰਸ਼ੰਸਾ ਕਰਦੇ ਹਨ। ਸਲੀਕੇ ਦੀ ਘਰ-ਘਰ ਪੁੱਛ ਹੈ। ਜਿਸ ਮਨੁੱਖ ਕੋਲ ਹੋਰ ਗੁਣਾਂ ਦੇ ਨਾਲ ਸਲੀਕਾ ਨਹੀਂ ਉਹ ਇੱਕ ਵੱਡਾ ਨੋਟ ਜੇਬ ਵਿੱਚ ਪਾਈ ਫਿਰਦਾ ਹੈ, ਜਿਸ ਨੂੰ ਭਾਨ ਤੇ ਨਿੱਕੇ ਖਰਚਾਂ ਲਈ ਥਾਂ-ਥਾਂ ਮੁਥਾਜ ਹੋਣਾ ਪੈਂਦਾ ਹੈ। ਸੁਲੱਖਣੀਆਂ ਵਾਦੀਆਂ ਜਾਂ ਸਲੀਕੇ

ਦਾ ਗੁਰ, ਮੁੱਢ ਤੇ ਮੂਲ-ਮੰਤਰ ਤਾਂ ਇਹ ਹੈ ਕਿ ਜਿਨ੍ਹਾਂ ਲੋਕਾਂ ਨਾਲ ਵੀ ਸਾਡਾ ਵਾਹ ਪਵੇ, ਉਹ ਘਰ ਦੇ ਹੋਣ ਜਾਂ ਬਾਹਰਲੇ, ਰਿਸ਼ਤੇਦਾਰ ਹੋਣ ਜਾਂ ਵਾਕਫ਼ਦਾਰ, ਵੱਡੇ ਹੋਣ ਜਾਂ ਛੋਟੇ, ਅਸੀਂ ਉਹਨਾਂ ਨੂੰ ਸੁਖਾਲਿਆਂ ਰੱਖਣਾ ਹੈ, ਉਹਨਾਂ ਦੀਆਂ ਅੱਖਾਂ ਵਿੱਚ ਰੜਕਣ ਤੋਂ ਬਚਣਾ ਹੈ ਅਤੇ ਉਹਨਾਂ ਦੀ ਨਿਗਾਹ ਵਿੱਚ ਆਪਣੇ ਲਈ ਸਤਿਕਾਰ ਪੈਦਾ ਕਰਨਾ ਹੈ । ਕਿਸੇ ਦੇ ਦਿਲ ਵਿੱਚ ਸਤਿਕਾਰ ਪੈਦਾ ਕਰਨ ਦਾ ਤਰੀਕਾ ਇਹ ਹੈ ਕਿ ਆਪ ਉਸਦੇ ਭਾਵਾਂ ਦਾ, ਖ਼ਿਆਲਾਂ ਦਾ ਤੇ ਵਤੀਰੇ ਦਾ ਸਤਿਕਾਰ ਕਰੋ, ਜਾਂ ਇਉਂ ਕਹਿ ਲਉ ਕਿ ਮਨੁੱਖ ਨੂੰ ਇਉਂ ਵਰਤਣਾ, ਹੰਢਣਾ ਤੇ ਵਿਚਰਨਾ ਚਾਹੀਦਾ ਹੈ ਜਿਵੇਂ ਰਾਤ ਰਾਣੀ ਜਾਂ ਮੌਲਸਰੀ ਜਾਂ ਕਰਨੇ ਦਾ ਬੂਟਾ ਜੇ ਕਿਤੇ ਤੁਰ-ਫਿਰ ਸਕੇ ਤਾਂ ਉਹ ਵਿਚਰੇ, ਅਰਥਾਤ ਜਿੱਥੇ ਵੀ ਜਾਏ ਆਲ਼ੇ-ਦੁਆਲ਼ੇ ਨੂੰ ਖ਼ੁਸ਼ਬੂ ਨਾਲ ਮਹਿਕਾਉਂਦਾ ਜਾਏ । ਚੰਗਾ ਸਲੀਕਾ ਛੋਟੀਆਂ-ਛੋਟੀਆਂ ਕੁਰਬਾਨੀਆਂ ਦਾ ਇਕੱਠ ਹੈ ਜੋ ਅਸੀਂ ਦੂਸਰੇ ਦੇ ਸੁੱਖ, ਅਰਾਮ ਤੇ ਸਹੂਲਤ ਵਾਸਤੇ ਬਿਨਾਂ ਕਿਸੇ ਬਦਲੇ ਦੀ ਆਸ ਦੇ ਕਰਦੇ ਹਾਂ । ਸਿਡਨੀ ਸਮਿੱਥ ਦਾ ਕਹਿਣਾ ਹੈ ਕਿ ਸੁਲੱਖਣੀਆਂ ਵਾਦੀਆਂ ਸਾਡੇ ਗੁਣਾਂ ਦਾ ਪਰਛਾਵਾਂ ਹੁੰਦੀਆਂ ਹਨ ਤੇ ਉਹਨਾਂ ਗੁਣਾਂ ਨੂੰ ਪਲ ਦੀ ਪਲ ਲਈ ਪ੍ਰਗਟ ਕਰਨਾ ਹੁੰਦਾ ਹੈ, ਜੋ ਸਾਡੇ ਹੋਰ ਸਾਥੀ ਪਸੰਦ ਕਰਦੇ ਹਨ । ਅਜਿਹੇ ਵਤੀਰੇ ਉੱਤੇ ਲਗਦਾ ਕੁਝ ਨਹੀਂ ਪਰ ਇਸ ਨਾਲ ਤੁਸੀਂ ਲੈ ਸਭ ਕੁਝ ਸਕਦੇ ਹੋ ।

**ਜਾਂ (OR)**

ਮਨੁੱਖ ਦੀ ਢੇਰ ਪੁਰਾਣੀ ਹਾਲਤ ਤੋਂ ਜਦੋਂ ਕਿ ਇਹ ਪਹਾੜਾਂ ਦੀਆਂ ਕੰਦਰਾਂ ਜਾਂ ਦਰਖ਼ਤਾਂ ਦੀਆਂ ਟਾਹਣੀਆਂ ਉੱਤੇ ਬਾਂਦਰਾਂ ਵਾਂਗ ਰਿਹਾ ਕਰਦਾ ਸੀ ਤੇ ਇਸ ਦੀ ਖ਼ੁਰਾਕ ਵੀ ਜਾਂਗਲੀ ਹੋਇਆ ਕਰਦੀ ਸੀ, ਅਜਿਹੀ

ਹਾਲਤ ਤੋਂ ਹੌਲੀ-ਹੌਲੀ ਉੱਨਤੀ ਤੇ ਵਿਕਾਸ ਕਰਦੇ ਆਉਣ ਦਾ ਨਾਮ ਸੱਭਿਅਤਾ ਹੈ । ਸੱਭਿਅਤਾ ਆਪਣੇ ਆਪ ਵਿੱਚ ਇੱਕ ਬੜਾ ਅਸਪਸ਼ਟ ਅਤੇ ਗੁੰਝਲਦਾਰ ਸ਼ਬਦ ਹੈ । ਇਸ ਵਿੱਚ ਕਈ ਦਰਜੇ ਪਾਏ ਜਾਂਦੇ ਹਨ । ਕਿਸੇ ਵੀ ਆਦਮੀ ਨੇ ਇਸ ਦੀ ਮੁਕੰਮਲ ਪਰਿਭਾਸ਼ਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ । ਇਸ ਅੰਦਰ ਮਨੁੱਖ ਦੇ ਉੱਚੇ ਤੋਂ ਉੱਚੇ ਵਿਕਾਸ ਦਾ ਭਾਵ ਪਾਇਆ ਜਾਂਦਾ ਹੈ ਜਿਸ ਵਿੱਚ ਕਿ ਕੋਮਲ ਵਲਵਲੇ, ਅਮਲੀ ਤਾਕਤ, ਧਰਮ-ਭਾਵਨਾ, ਅਜ਼ਾਦੀ, ਸ੍ਵੈ-ਸਤਿਕਾਰ ਤੇ ਸੁੱਖ-ਸੁਆਦ ਆਦਿਕ ਚੀਜ਼ਾਂ ਸ਼ਾਮਲ ਹਨ । ਇਸ ਦੀ ਪੂਰੀ ਤੇ ਸਹੀ ਪਰਿਭਾਸ਼ਾ ਕਰਨ ਤੋਂ ਸੰਕੋਚ ਕਰਦਿਆਂ ਹੋਇਆਂ ਆਮ ਤੌਰ 'ਤੇ ਅਸੀਂ ਕੁਝ ਅਣਹੋਂਦਾਂ ਨਾਲ ਇਸ ਦੀ ਵਾਕਫ਼ੀਅਤ ਕਰਾਂਉਂਦੇ ਹਾਂ । ਇਕ ਕੌਮ ਜਿਸ ਦੇ ਪਾਸ ਕੱਪੜਾ ਨਹੀਂ, ਲੋਹਾ ਨਹੀਂ, ਲਿਖਣ-ਪ੍ਰਣਾਲੀ ਨਹੀਂ, ਸ਼ਾਦੀ ਦੀ ਰਸਮ, ਅਮਨ ਤੇ ਸ਼ਾਂਤੀ ਦੇ ਕੋਈ ਹੁਨਰ ਤੇ ਕੋਈ ਭਾਵਾਤਮਕ ਵਿਚਾਰ ਨਹੀਂ ਉਸਨੂੰ ਅਸੀਂ 'ਅਸੱਭਿਆ' ਤੇ ਜਾਂਗਲੀ ਕੌਮ ਆਖਦੇ ਹਾਂ । ਜਦੋਂ ਕੋਈ ਇੱਕ ਹੁਨਰ ਤੇ ਉਪਰੋਕਤ ਖ਼ੂਬੀਆਂ ਕਿਸੇ ਕੌਮ ਅੰਦਰ ਪ੍ਰਵੇਸ਼ ਕਰ ਜਾਂਦੀਆਂ ਹਨ, ਤਾਂ ਅਸੀਂ ਉਸਨੂੰ ਸੱਭਿਆ ਕਹਿ ਸਕਣ ਯੋਗ ਹੋ ਜਾਂਦੇ ਹਾਂ । ਹਰ ਇੱਕ ਕੌਮ ਆਪਣੀ ਹੀ ਖ਼ਾਸ ਪਰੰਪਰਾ ਤੇ ਸੁਭਾਅ ਅਨੁਸਾਰ ਵਿਕਾਸ ਕਰਦੀ ਹੈ । ਇਸ ਲਈ ਹਰੇਕ ਜਾਤੀ ਦੀ ਆਪਣੀ ਸੱਭਿਅਤਾ ਹੁੰਦੀ ਹੈ ।

**III.** ਸਾਹਿਤ (ਪਾਠ-ਪੁਸਤਕ ਅਧਾਰਿਤ ਪ੍ਰਸ਼ਨ, ਚੋਣ ਆਧਾਰਿਤ) **Literature (Text books based questions) :** **14**

ਕਵਿਤਾਵਾਂ ਵਿਚੋਂ (ਕਿਸੇ ਦੋ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਲਿਖੋ ।) **2 × 2 = 4**

(4) 'ਕੱਲ੍ਹ ਨੇ ਸਵੇਰੇ ਦੀਆਂ ਜੋੜੀਆਂ ਮੈਂ ਤੋਰੀਆਂ' ਕਾਵਿ ਪੰਕਤੀ ਵਿੱਚ 'ਜੋੜੀਆਂ' ਸ਼ਬਦ ਦਾ ਸੰਦਰਭ ਸੱਪਸ਼ਟ ਕਰੋ ।

(5) 'ਚੁੰਮ ਚੁੰਮ ਰੱਖੋ' ਕਵਿਤਾ ਕਿਸ ਸਮੇਂ ਤੇ ਸਥਿਤੀ ਨੂੰ ਪੇਸ਼ ਕਰਦੀ ਹੈ ?

(6) 'ਨੀਵੀਂ ਨਜ਼ਰ ਸਦਾ ਸ਼ਰਮਾਏ' ਦਾ ਭਾਵ ਅਰਥ ਸਪਸ਼ਟ ਕਰੋ ।

(7) 'ਮੇਰਾ ਬਚਪਨ' ਕਵਿਤਾ ਦਾ ਵਿਸ਼ਾ ਕੀ ਹੈ ?

ਕਹਾਣੀ ਵਿਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ **30-35** ਸ਼ਬਦਾਂ ਵਿੱਚ ਲਿਖੋ ।) **4 × 1 = 4**

(8) 'ਭੈੜਾ ਜਿਹਾ ਮੂੰਹ ਕਰ ਕੇ ਆਨੇ ਕੱਢ ਕੇ ਤਕੱਣ' ਦਾ ਭਾਵ ਅਰਥ ਸੱਪਸ਼ਟ ਕਰੋ ।

(9) 'ਮਾੜਾ ਬੰਦਾ' ਕਹਾਣੀ ਦੇ ਵਿਸ਼ੇ ਬਾਰੇ ਜਾਣਕਾਰੀ ਦਿਓ ।

ਪੰਜਾਬੀ ਸਭਿਆਚਾਰ ਦੀ ਜਾਣ-ਪਛਾਣ (ਕਿਸੇ ਦੋ ਪ੍ਰਸ਼ਨਾਂ ਦੇ ਉੱਤਰ **25-30** ਸ਼ਬਦਾਂ ਵਿੱਚ ਲਿਖੋ ।) **3 × 2 = 6**

(10) ਸੰਸਕਾਰਾਂ ਵਿੱਚ ਵਰਤੇ ਜਾਣ ਵਾਲੇ ਅਗਨੀ, ਲੋਹੇ, ਅਨਾਜ ਅਤੇ ਬਿਰਖਾਂ ਦੀ ਟਾਹਣੀਆਂ ਕਿਸ ਦੇ ਸੂਚਕ ਹਨ ?

(11) 'ਕੜਾਹੀ ਚੜ੍ਹਾਈ' ਦੀ ਰਸਮ ਬਾਰੇ ਜਾਣਕਾਰੀ ਦਿਓ ।

(12) 'ਖੇਡਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ' ਇਸ ਨੂੰ ਸੱਪਸ਼ਟ ਕਰੋ ।

(13) 'ਬਾਂਦਰ-ਕੀਲਾ' ਕਿਹੜੀ ਖੇਡ ਹੈ ? ਇਸ ਬਾਰੇ ਜਾਣਕਾਰੀ ਦਿਓ ।

*